# ਨਾਕਾਮੀਆਂ ਦਾ ਰਿਕਾਰਡ

ਰਸੂਲਾਂ ਦੇ ਕੰਮ ਕਿਤਾਬ ਵਿਚ ਬਹੁਤ ਸਾਰੀਆਂ ਕਾਮਯਾਬੀਆਂ ਮਿਲਦੀਆਂ ਹਨ, ਪਰ ਇਸ ਵਿਚ ਉਨ੍ਹਾਂ ਨਾਕਾਮੀਆਂ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਗਿਆ ਜੋ ਛੁਟਕਾਰੇ ਲਈ ਅਬਦੀ ਸਿੱਖਿਆਵਾਂ ਦਿੰਦੀਆਂ ਹਨ। ਇਸ ਕਿਤਾਬ ਵਿਚ ਐਨੀਆਂ ਕੁ ਅਜੀਬ ਘਟਨਾਵਾਂ ਹਨ ਕਿ ਕਈ ਵਾਰ ਤਾਂ ਬੰਦਾ ਭੁੱਲ ਹੀ ਜਾਂਦਾ ਹੈ ਕਿ ਇਸ ਵਿਚ ਨਿਰਾਸ਼ਾ ਦੇ ਨਾਲ-ਨਾਲ ਨਾਕਾਮੀਆਂ ਦਾ ਜ਼ਿਕਰ ਵੀ ਹੈ।

ਬਾਈਬਲ ਦੀਆਂ ਪਿਛਲੀਆਂ ਕਿਤਾਬਾਂ ਦੀ ਹਰ ਘਟਨਾ ਰਸੂਲਾਂ ਦੇ ਕੰਮ ਦੀਆਂ ਘਟਨਾਵਾਂ ਦੀ ਬੜੀ ਤਾਂਘ ਨਾਲ ਉਡੀਕ ਕਰਦੀ ਹੈ। ਪੁਰਾਣੇ ਨੇਮ ਦੀਆਂ ਉਨਤਾਲੀ ਕਿਤਾਬਾਂ ਨੂੰ ਇਕੱਠਿਆਂ ਪੜ੍ਹਨ ਤੇ, ਯਕੀਨਨ ਹੀ ਉਮੀਦਾਂ ਮਿਲਦੀਆਂ ਹਨ: ਖ਼ੁਦਾ ਨੇ ਅਬਰਾਹਾਮ ਨਾਲ ਵਾਅਦੇ ਕੀਤੇ (ਉਤਪਤ 12:1-3; 22:17, 18); ਮੂਸਾ ਨਾਲ ਉਹਨੇ ਵਾਅਦਾ ਕੀਤਾ ਕਿ ਉਹ ਮੂਸਾ ਵਰਗਾ ਇਕ ਨਬੀ ਖੜ੍ਹਾ ਕਰੇਗਾ (ਵਿਵਸਥਾ ਸਾਰ 18:15) ਅਤੇ ਉਹਨੇ ਦਾਊਦ ਦੀ ਸੰਤਾਨ ਵਿੱਚੋਂ ਇਕ ਨੂੰ ਮਸੀਹ ਦੀ ਗੱਦੀ ਤੇ ਬਿਠਾਉਣ ਦਾ ਵਾਅਦਾ ਕੀਤਾ (ਸੈਮੂਏਲ 7:12, 13)। ਇਹਦੇ ਇਲਾਵਾ ਬਾਅਦ 'ਚ ਨਬੀਆਂ ਨੇ ਵੀ ਜਿਨ੍ਹਾਂ ਵਿਚ ਯਸਾਯਾਹ, ਯੋਏਲ, ਮੀਕਾਹ ਅਤੇ ਦਾਈਏਲ ਵੀ ਸੀ, ਨਬੂਵਤਾਂ ਕੀਤੀਆਂ। ''ਯਹੋਵਾਹ ਦੇ ਭਵਨ ਦਾ ਪਰਬਤ'' (ਯਸਾਯਾਹ 2:2) ਸਿੱਖਿਆ ਦੇ ਨਵੇਂ ਢੰਗਾਂ, ਸਭ ਸਰੀਰਾਂ ਤੇ ਪਵਿੱਤਰ ਆਤਮਾ ਦੇ ਵਹਾਏ ਜਾਣ ਅਤੇ ਉਸ ਰਾਜ ਦੇ ਕਾਇਮ ਹੋਣ ਨਾਲ ਜਿਹਨੇ ਕਦੇ ਨਾਸ ਨਹੀਂ ਹੋਣਾ ਸੀ, ਅਜੇ ਪਤਾ ਲੱਗਦੇ ਜਾਂ ਲੋਕਾਂ ਨੂੰ ਉਨ੍ਹਾਂ ਦਾ ਅਨੁਭਵ ਹੋਣਾ ਸੀ।

ਨਵੇਂ ਨੇਮ ਦੀਆਂ ਪਹਿਲੀਆਂ ਚਾਰ ਕਿਤਾਬਾਂ ਦਾ ਸੰਦੇਸ਼ ਕਿ ਅਜਿਹੀ ਘਟਨਾ ਦੀ ਉਡੀਕ ਵੱਲ ਇਸ਼ਾਰਾ ਕਰ ਰਿਹਾ ਸੀ ਜੋ ਅਜੇ ਹੋਣ ਵਾਲੀ ਸੀ। ਯਿਸੂ ਨੇ ਕਿਹਾ, ''ਮੈਂ ... ਆਪਣੀ ਕਲੀਸੀਆ ਬਣਾਵਾਂਗਾ'' (ਮੱਤੀ 16:18)। ਉਹਨੇ ਵਾਅਦਾ ਕੀਤਾ ਕਿ ਉਸ ਪੀੜ੍ਹੀ ਦੇ ਲੋਕਾਂ ਵਿੱਚੋਂ ਕਈ ਉਦੋਂ ਤਕ ਮੌਤ ਦਾ ਸਵਾਦ ਨਹੀਂ ਚੱਖਣਗੇ ਜਦ ਤਕ ਉਹ ਖ਼ੁਦਾ ਦੇ ਰਾਜ ਨੂੰ ਸਮਰੱਥਾ ਨਾਲ ਆਉਂਦੇ ਨਾ ਵੇਖ ਲੈਣ (ਮਰਕੁਸ 9:1)।ਆਪਣੇ ਉੱਪਰ ਉਠਾਏ ਜਾਣ ਤੋਂ ਕੁਝ ਦੇਰ ਪਹਿਲਾਂ ਉਹਨੇ ਆਪਣੇ ਰਸੂਲਾਂ ਨੂੰ ਕਿਹਾ ਕਿ ''ਜਦ ਤਕ ਤੁਸੀਂ ਉੱਪਰੋਂ ਸ਼ਕਤੀ ਨਾ ਪਾਓ ਸ਼ਹਿਰ ਵਿਚ ਰਹੋ'' (ਲੂਕਾ 24:49)।

ਨਵੇਂ ਨੇਮ ਵਿਚ ਰਸੂਲਾਂ ਦੇ ਕੰਮ ਕਿਤਾਬ ਤੋਂ ਅਗਲੀਆਂ ਕਿਤਾਬਾਂ ਵਿਚ ਇਹ ਵੇਖਣਾ ਬਹੁਤਾ ਸੌਖਾ ਹੈ ਕਿ ਇਕ ਬਹੁਤ ਵੱਡਾ ਬਦਲਾਅ ਆ ਚੁੱਕਾ ਸੀ। ਗਲਾਤੀਆ (ਗਲਾਤੀਆਂ 1:2) ਅਤੇ ਅਸੀਆਂ (ਪ੍ਰਕਾਸ਼ ਦੀ ਪੋਥੀ 1:4) ਵਿਚ ''ਕਲੀਸੀਆ'' ਮੰਨਾ ''ਪ੍ਰਭੂ ਭੋਜ'' (1 ਕੁਰਿੰਥੀਆਂ 11:17-34), ਹਰ ਹਫ਼ਤੇ ਚੰਦਾ ਦੇਣਾ (1 ਕੁਰਿੰਥੀਆਂ 16:1, 2) ਅਤੇ ਯਿਸੂ ਨੇ ਨਾਂਅ ਵਿਚ ਦੁਆ ਕਰਨਾ (1 ਥਸਲੁਨੀਕੀਆਂ 5:17, 18; 1 ਤਿਮੋਥਿਉਸ 2:5; ਅਫ਼ਸੀਆਂ 5:20) ਆਦਿ ਨੂੰ ਬੰਦਗੀ ਦੇ ਨਵੇਂ ਅਤੇ ਵੱਖਰੇ ਢੰਗ ਮੰਨਿਆ ਜਾਂਦਾ ਸੀ।

ਇਬਰਾਨੀਆਂ 8:6, 7 ਵਿਚ ਤਾਂ ਖ਼ੁਦਾ ਨਾਲ ਅਹਿਦਾਂ ਦੇ ਬਦਲਣ ਦਾ ਜ਼ਿਕਰ ਹੈ।

ਇਸ ਲਈ ਰਸੂਲਾਂ ਦੇ ਕੰਮ ਕਿਤਾਬ ਖ਼ੁਦਾ ਦੇ ਮੁਕਾਸ਼ਫ਼ੇ ਦੀ ਪ੍ਰਕ੍ਰਿਆ ਦਾ ਕੇਂਦਰ ਬਿੰਦੂ ਹੈ। ਇਹ ਬਾਈਬਲ ਦਾ ''ਧੁਰਾ'' ਹੈ ਜੋ ਛੁਟਕਾਰੇ ਦੀਆਂ ਖ਼ੁਦਾ ਦੀਆਂ ਯੋਜਨਾਵਾਂ ਵਿਚ ਸਭ ਤੋਂ ਵੱਡੀ ਯੋਜਨਾ ਦਾ ਕੇਂਦਰ ਹੈ। ਇਸ ਵਿਚ ਨਜਾਤ ਲਈ ਪਿਤਾ ਦੇ ਫ਼ਜ਼ਲ, ਪੁੱਤਰ ਦੇ ਕੀਮਤੀ ਲਹੂ ਨਾਲ ਖ਼ਰੀਦੇ ਜਾਣ ਦੀਆਂ ਅਹਿਮ ਘਟਨਾਵਾਂ ਦਾ ਵਰਣਨ ਹੈ (ਰਸੂਲਾਂ ਦੇ ਕੰਮ 20:28)।

ਰਸੂਲਾਂ ਦੇ ਕੰਮ ਕਿਤਾਬ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀਆਂ ਹੋਰ ਪੈਂਹਠ ਕਿਤਾਬਾ ਵਿੱਚੋਂ ਕਿਸੇ ਵੀ ਤਰ੍ਹਾਂ ਬਹੁਤੀ ਅਹਿਮ ਨਹੀਂ ਹੈ, ਫਿਰ ਵੀ ਇਹ ਉਨ੍ਹਾਂ ਸਭ ਕਿਤਾਬਾਂ ਨੂੰ ਸਮਝਣ ਦੀ ਕੁੰਜੀ ਦਾ ਕੰਮ ਕਰਦੀ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚ ਹੋਣ ਵਾਲੀ ਘਟਨਾਵਾਂ ਨੂੰ ਨਾ ਸਮਝ ਪਾਉਣਾ ਦੂਜੀਆਂ ਸਭ ਕਿਤਾਬਾਂ ਨੂੰ ਸਹੀ ਢੰਗ ਨਾਲ ਸਮਝਣਾ ਨਾਮੁਮਕਿਨ ਬਣਾ ਦੇਵੇਗਾ। ਇਕ ਪਲ ਲਈ ਵਿਚਾਰ ਕਰੋ ਕਿ ਜੇ ਬਾਈਬਲ ਵਿੱਚੋਂ ਰਸੂਲਾਂ ਦੇ ਕੰਮ ਦੀ ਕਿਤਾਬ ਕੱਢ ਦਿੱਤੀ ਜਾਂਦੀ ਤਾਂ ਕੀ ਹੋਣਾ ਸੀ। ਇਹਦੀ ਨਾ ਪੂਰੀ ਹੋਣ ਵਾਲੀ ਕਮੀ ਸ਼ਾਇਦ ਉਲਝਣ ਨੂੰ ਵਧਾ ਹੀ ਦਿੰਦੀ। ਹਰ ਯੁਗ ਲਈ ਖ਼ੁਦਾ ਦੀ ਯੋਜਨਾ ਨੂੰ ਸਮਝਣ ਵਿਚ ਕਿਸੇ ਵੀ ਤਰ੍ਹਾ ਦੀ ਤਰੱਕੀ ਇਕ ਭੇਤ ਭਰੇ ਖਾਲੀਪਨ ਨਾਲ ਰੁਕ ਜਾਂਦੀ ਹੈ।

## ਕਾਮਯਾਬੀਆਂ

ਖ਼ੁਦਾ ਦੇ ਸੱਦੇ 'ਤੇ ਪਹਿਲੇ ਦਿਨ ਕਲੀਸੀਆ ਵਿਚ ਲਗਭਗ ਤਿੰਨ ਹਜ਼ਾਰ ਲੋਕਾਂ ਨੂੰ ਮਿਲਾਇਆ ਗਿਆ ਸੀ (ਰਸੂਲਾਂ ਦੇ ਕੰਮ 2:41)। ਇਹ ਗਿਣਤੀ ਛੇਤੀ ਹੀ ਪੰਜ ਹਜ਼ਾਰ ਮਰਦਾਂ ਤੋਂ ਵਧ ਗਈ, ਜਿਸ ਵਿਚ ਔਰਤਾਂ ਅਤੇ ਬੱਚੇ ਸ਼ਾਮਿਲ ਨਹੀਂ ਸਨ (ਰਸੂਲਾਂ ਦੇ ਕੰਮ 4:4)। ਬਾਅਦ ਦੇ ਦਿਨਾਂ ਵਿਚ ਬਹੁਤ ਸਾਰੇ ਲੋਕ ਵਚਨ ਨੂੰ ਮੰਨਦੇ ਰਹੇ (ਰਸੂਲਾਂ ਦੇ ਕੰਮ 5:14)। ਹਰ ਥਾਂ ਸਾਮਰੀਆ ਵਾਂਗ ਬਹੁਤ ਸਾਰੇ ਲੋਕ ਵਚਨ ਨੂੰ ਸੁਣ ਕੇ ਪ੍ਰਭੂ ਵੱਲ ਨੂੰ ਆਉਣ ਲਗੇ (ਰਸੂਲਾਂ ਦੇ ਕੰਮ 8:4-8)। ਹਬਸ਼ ਦੇਸ਼ ਦੇ ''ਇਕ ਆਦਮੀ ਦੇ ਯਿਸੂ ਨੂੰ ਮੁਕਤੀਦਾਤਾ ਮੰਨਦ'' ਨਾਲ ਅਫ਼ਰੀਕੀ ਮਹਾਂਦੀਪ ਵੀ ਅਛੂਤਾ ਨਹੀਂ ਰਿਹਾ (ਰਸੂਲਾਂ ਦੇ ਕੰਮ 8:26-39) ਸੀ।[1]

ਤਰਸੁਸ ਦੇ ਸੌਲੁਸ ਨੇ ਯਿਸੂ ਲਈ ਇਨ੍ਹਾਂ ਸ਼ੁਰੂਆਤੀ ਜਿੱਤਾਂ ਦਾ ਬੜੇ ਜ਼ੋਰਦਾਰ ਢੰਗ ਨਾਲ ਵਿਰੋਧ ਕੀਤਾ ਸੀ, ਪਰ ਛੇਤੀ ਹੀ ਉਹਨੂੰ ਵੀ ਉਨ੍ਹਾਂ ਜਿੱਤਾਂ ਵਿਚ ਸ਼ਾਮਿਲ ਕਰ ਲਿਆ ਗਿਆ (ਰਸੂਲਾਂ ਦੇ ਕੰਮ 9:1-22)। ਉਹਦੀਆਂ ਇਤਿਹਾਸਕ, ਨਿਵੇਕਲੀਆਂ ਅਤੇ ਨਿਰਾਲੀਆਂ ਮਿਸ਼ਨਰੀ ਯਾਤਰਾਵਾਂ ਨਾਲ ਪਹਿਲੀ ਸਦੀ ਦੇ ਜਾਣੇ ਜਾਣ ਵਾਲੇ ਜਗਤ ਤੋਂ ਅੱਗੇ ਹੋਰ ਮਹਾਂਦੀਪਾਂ ਵਿਚ ਇੰਜੀਲ ਦਾ ਪ੍ਰਚਾਰ ਕਰਨ ਵਿਚ ਮਦਦ ਮਿਲੀ। ਸਚਮੁਚ ਰਸੂਲਾਂ ਦੇ ਕੰਮ ਕਿਤਾਬ ਵਿਚ ਉਤਸ਼ਾਹਤ ਕਰਨ ਵਾਲੀਆਂ ਕਾਮਯਾਬੀਆਂ ਅਤੇ ਜਿੱਤਾਂ ਦਾ ਵਰਣਨ ਮਿਲਦਾ ਹੈ।

## ਕਾਮਯਾਬੀਆਂ ਨਾਲੋਂ ਵਧ ਕੇ ਨਾਕਾਮੀਆਂ

ਪਹਿਲਾਂ ਜਦ ਯਹੂਦੀ ਪਰਬਾਂ ਨੂੰ ਮਨਾਉਣ ਲਈ ਦਸ ਲੱਖ ਤੋਂ ਵੱਧ ਮੁਸਾਫ਼ਰ[2] ਯਰੂਸ਼ਲਮ ਵਿਚ ਇਕੱਠੇ ਹੋਏ ਸਨ ਤਾਂ ਤੌਬਾ ਅਤੇ ਬਪਤਿਸਮੇ ਲਈ ਪਤਰਸ ਵੱਲੋਂ ਕੀਤੀ ਬੁਲਾਹਟ ਨੂੰ *ਸਿਰਫ਼ ਤਿੰਨ ਹਜ਼ਾਰ ਲੋਕਾਂ* ਨੇ ਹੀ ਕਬੂਲ ਕੀਤਾ ਸੀ। ''ਜਿਨ੍ਹਾਂ ਨੇ [ਖ਼ੁਸ਼ੀ ਨਾਲ; KJV] [ਪਤਰਸ ਦੀ] ਗੱਲ ਮੰਨ ਲਈ ਉਨ੍ਹਾਂ ਨੇ ਬਪਤਿਸਮਾ ਲਿਆ'' (ਰਸੂਲਾਂ ਦੇ ਕੰਮ 2:41)। ਜਿਨ੍ਹਾਂ ਨੇ

*ਵਚਨ ਨੂੰ ਕਬੂਲ ਨਹੀਂ ਕੀਤਾ* ਉਨ੍ਹਾਂ ਦਾ ਕੀ ਬਣਿਆ? ਉਸ ਯਾਦਗਾਰੀ ਦਿਨ 'ਤੇ ਇੰਜੀਲ ਦਾ ਸੰਦੇਸ਼ ਸੁਣਨ ਵਾਲੀ ਭੀੜ ਨੂੰ ਧਿਆਨ ਵਿਚ ਰੱਖਿਏ ਤਾਂ ਵਚਨ ਨੂੰ ਮੰਨਣ ਵਾਲਿਆਂ ਦਾ ਅਨੁਪਾਤ ਬਹੁਤ ਜ਼ਿਆਦਾ ਨਹੀਂ ਸੀ। ਮੂਸਾ ਦੀ ਸ਼ਰ੍ਹਾ ਯਹੂਦੀ ਕੌਮ ਨੂੰ ਮਸੀਹ ਦੇ ਆਉਣ 'ਤੇ ਉਸ ਨੂੰ ਕਬੂਲ ਕਰਨ ਵਿਚ ਰਹਿਨੁਮਾਈ ਕਰਨ ਲਈ ਦਿੱਤੀ ਗਈ ਸੀ (ਗਲਾਤੀਆਂ 3:24) ਅਤੇ ਸਿੱਖਿਆ ਅਤੇ ਸੱਭਿਆਚਾਰ ਯਹੂਦੀਆਂ ਦੀ ਪਾਲਣਾ ਪੰਦਰਾਂ ਸੌ ਤੋਂ ਵੀ ਵੱਧ ਸਾਲਾਂ ਤੋਂ ਕਰਦੀ ਆ ਰਹੀ ਸੀ, ਜਿਸ ਕਰਕੇ ਇਹ ਜਾਣ ਕੇ ਕੁਝ ਅਫ਼ਸੋਸ ਹੁੰਦਾ ਹੈ ਕਿ ਇਨ੍ਹਾਂ ਸੱਚਿਆਈਆਂ ਨੂੰ ਕਬੂਲ ਕਰਨ ਵਾਲੇ ਸਿਰਫ਼ .003 ਫ਼ੀਸਦੀ ਲੋਕ ਹੀ ਸਨ!

ਵਚਨ ਨੂੰ ਨਾ ਮੰਨਣ ਵਾਲਿਆਂ ਦੇ ਉਲਟ ਵਚਨ ਨੂੰ ਕਬੂਲ ਕਰਨ ਵਾਲੇ ਲੋਕਾਂ ਨੂੰ ਵੇਖਿਆ ਜਾਵੇ, ਤਾਂ ਉਸ ਪਹਿਲੇ ਦਿਨ ਯਰੂਸ਼ਲਮ ਵਿਚ ਕਾਮਯਾਬੀਆਂ ਤੋਂ ਵੱਧ ਨਾਕਾਮੀਆਂ ਹੀ ਹੱਥ ਆਈਆਂ। ਪੰਦਰਾਂ ਦੇਸ਼ਾਂ ਦੇ ਲੋਕ ਉੱਥੇ ਮੌਜੂਦ ਸਨ (ਰਸੂਲਾਂ ਦੇ ਕੰਮ 2:9-11), ਜਿਸ ਨਾਲ ਯਰੂਸ਼ਲਮ ''ਤੰਬੂਆਂ ਦੇ ਸ਼ਹਿਰ'' ਵਿਚ ਬਦਲ ਗਿਆ ਹੋਵੇਗਾ। ਹਰ ਘਰ ਅਤੇ ਬਿਲਡਿੰਗ ਵਿਚ ਮੁਸਾਫਿਰ ਹੀ ਮੁਸਾਫਿਰ ਨਜ਼ਰ ਆਉਂਦੇ ਹੋਣਗੇ ਅਤੇ ਗਲੀਆਂ ਬਜ਼ਾਰਾਂ ਵਿਚ ਤੰਬੂਆਂ ਦੀ ਭਰਮਾਰ ਹੋਵੇਗੀ। ਆਲੇ-ਦੁਆਲੇ ਦੀਆਂ ਪਹਾੜੀਆਂ ਅਤੇ ਘਾਟੀਆਂ ਨੂੰ ਵੇਖ ਕੇ ਲਗਦਾ ਹੋਵੇਗਾ ਕਿ ਦੁਨੀਆਂ ਭਰ ਦੇ ਲੋਕ ਆਪਣੇ ਪਰਿਵਾਰਾਂ ਸਣੇ ਉੱਥੇ ਤੰਬੂ ਲਾਈ ਬੈਠੇ ਹਨ।

ਯਕੀਨਨ ਹੀ ਤਿੰਨ ਹਜ਼ਾਰ ਤੋਂ ਵੀ ਵੱਧ ਲੋਕਾਂ ਨੂੰ ਬਪਤਿਸਮਾ ਲੈਂਦੇ ਵੇਖਣਾ ਰੋਮਾਂਚਕਾਰੀ ਅਤੇ ਅਚਰਜ ਲਗ ਰਿਹਾ ਹੋਵੇਗਾ, ਪਰ *ਜਿਨ੍ਹਾਂ ਨੇ ਵਚਨ ਨੂੰ ਸੁਣ ਕੇ ਕਬੂਲ ਨਹੀਂ ਕੀਤਾ ਸੀ, ਉਨ੍ਹਾ ਦਾ ਕੀ ਬਣਿਆ*? ਲੂਕਾ ਨੇ ਉਨ੍ਹਾਂ ਬਾਰੇ ਕੁਝ ਵੀ ਨਹੀਂ ਲਿਖਿਆ, ਪਰ ਬਾਈਬਲ ਦੇ ਵਿਦਿਆਰਥੀਆਂ ਨੂੰ ਇਨ੍ਹਾਂ ਸਤਰਾਂ ਵਿਚ ਲਿਖੀਆਂ ਗੱਲਾਂ ਨੂੰ ਪੜ੍ਹ ਕੇ ਅਹਿਸਾਸ ਕਰਨਾ ਚਾਹੀਦਾ ਹੈ ਕਿ ਕਾਫ਼ੀ ਵੱਡੀ ਗਿਣਤੀ ਵਿਚ ਲੋਕਾਂ ਨੇ ਵਚਨ ਨੂੰ ਕਬੂਲ ਨਹੀਂ ਕੀਤਾ।

ਲੂਕਾ ਨੇ ਲਿਖਿਆ ਹੈ ਕਿ ਬਾਅਦ ਵਿਚ ''ਉਨ੍ਹਾਂ ਵਿੱਚੋਂ ਜਿਨ੍ਹਾਂ ਵਚਨ ਸੁਣਿਆ ਸੀ ਬਹੁਤਿਆਂ ਨੇ ਨਿਹਚਾ ਕੀਤੀ'' (ਰਸੂਲਾਂ ਦੇ ਕੰਮ 4:4), ਪਰ ਜਿਹੜੇ ਇਨ੍ਹਾਂ ''ਬਹੁਤਿਆਂ'' ਵਿਚ ਨਹੀਂ ਸਨ ਉਨ੍ਹਾਂ ਦਾ ਕੀ ਬਣਿਆ? ਲੂਕਾ ਨੇ ''ਜ਼ਿਆਦਾਤਰ'' ਨਹੀਂ ਬਲਕਿ ਸਿਰਫ਼ ''ਬਹੁਤਿਆਂ'' ਹੀ ਕਿਹਾ। ''ਬਹੁਤਿਆਂ'' ਨੇ ਵੀ ਸੁਣਿਆ ਅਤੇ ਵਿਸ਼ਵਾਸ *ਨਹੀਂ* ਕੀਤਾ।

ਤਾਂ ਫਿਰ ਇਸਤੀਫ਼ਾਨ 'ਤੇ ਪਥਰਾਅ ਕਿਹਨੇ ਕੀਤਾ? ਭਲਾ ਉਹ ਯਹੂਦੀ ਉਨ੍ਹਾਂ ਵਿੱਚੋਂ ਨਹੀਂ ਸਨ ਜਿਨ੍ਹਾਂ ਇੰਜੀਲ ਦੀ ਸੱਚਿਆਈ ਦੇ ਵਚਨ ਨੂੰ ਸੁਣਿਆ ਸੀ? ਜੇ ਉਨ੍ਹਾਂ ਪਹਿਲਾ ਵਚਨ ਨਹੀਂ ਸੁਣਿਆ ਸੀ ਤਾਂ ਯਕੀਨਨ ਹੀ ਉਸ ਦਿਨ ਇਸਤੀਫ਼ਾਨ ਦੇ ਮੂੰਹੋਂ ਸੁਣ ਹੀ ਲਿਆ ਹੋਵੇਗਾ (ਰਸੂਲਾਂ ਦੇ ਕੰਮ 7:1-54)। ਰਸੂਲਾਂ ਦੇ ਕੰਮ ਕਿਤਾਬ ਵਿਚ ਮਿਲਦਾ ਹੈ ਕਿ ਯਰੂਸ਼ਲਮ ਦੀ ਕਲੀਸੀਆ 'ਤੇ ਜ਼ੁਲਮ ਐਨੇ ਵਧ ਗਏ ਸਨ ਕਿ ਚੇਲੇ ਆਪੋ ਆਪਣੇ ਘਰ, ਨੌਕਰੀਆਂ ਅਤੇ ਪਰਿਵਾਰਾਂ ਨੂੰ ਛੱਡ ਕੇ ਤਿਤਰ-ਬਿਤਰ ਹੋ ਗਏ ਸਨ (ਰਸੂਲਾਂ ਦੇ ਕੰਮ 8:1-4)। ਸਾਫ਼ ਹੈ ਕਿ ਫ਼ਲਸਤੀਨ ਵਿਚ ਜ਼ਿਆਦਾਤਰ ਯਹੂਦੀਆਂ ਨੇ ਇੰਜੀਲ ਨੂੰ ਕਬੂਲ ਨਹੀਂ ਕੀਤਾ ਸੀ।

ਬਾਅਦ ਵਿਚ ਤਰਸੁਸ ਦੇ ਸੌਲੁਸ ਵੱਲੋਂ ਦਮਿਸ਼ਕ ਵਿਚ ਬਪਤਿਸਮਾ ਲੈਣ 'ਤੇ ਉਹਨੂੰ ਕਿਹਨੇ ਮਰਵਾਉਣਾ ਚਾਹਿਆ? ਉਹਨੂੰ ਪਰੇਸ਼ਾਨ ਯਹੂਦੀਆਂ ਵੱਲੋਂ ਆਪਣੇ ਕਤਲ ਦੀ ਸਾਜ਼ਿਸ਼ ਦਾ ਪਤਾ ਲਗ ਗਿਆ ਅਤੇ ਉਹ ਟੋਕਰੇ ਵਿਚ ਬੈਠ ਕੇ ਕੰਧ ਤੋਂ ਲਮਕ ਕੇ ਬਚ ਨਿੱਕਲਿਆ ਸੀ (ਰਸੂਲਾਂ ਦੇ ਕੰਮ 9:23-25)। ਪੌਲੁਸ ਯਰੂਸ਼ਲਮ ਨੂੰ ਮੁੜ ਤਾਂ ਆਇਆ, ਪਰ ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀਆਂ ਨਾਲ ਬਹਿਸ ਕਰਕੇ ਉਹਦੇ ਕਤਲ ਦੀ ਇਕ ਹੋਰ ਕੋਸ਼ਿਸ਼ ਹੋਈ, ਜਿਸ

ਕਰਕੇ ਚੇਲਿਆਂ ਨੇ ਉਹਨੂੰ ਤ੍ਰੋਆਸ ਵਿਚ ਭੇਜ ਦਿੱਤਾ (ਰਸੂਲਾਂ ਦੇ ਕੰਮ 9:29, 30)।

ਉੱਥੇ ਵੀ ਜਿੱਥੇ ਲੂਕਾ ਨੇ ਲਿਖਿਆ ਹੈ ਕਿ ''ਕੁਰਿੰਥੀਆਂ ਵਿੱਚੋਂ ਬਥੇਰੇ ਲੋਕਾਂ ਨੇ ਸੁਣ ਕੇ ਨਿਹਚਾ ਕੀਤੀ ਅਤੇ ਬਪਤਿਸਮਾ ਲਿਆ'' (ਰਸੂਲਾਂ ਦੇ ਕੰਮ 18:8), ਪਰ ਉਹਨੇ ਉਨ੍ਹਾਂ ਬਾਰੇ ਕੁਝ ਨਹੀਂ ਕਿਹਾ ਜਿਨ੍ਹਾਂ ਵਿਸ਼ਵਾਸ ਨਹੀਂ ਕੀਤਾ। ਉਹਨੇ ਲਿਖਿਆ ਕਿ ਸੱਬਤ ਦੇ ਦਿਨਾਂ ਵਿਚ ਯਹੂਦੀਆਂ ਨਾਲ ਪੌਲੁਸ ਦੀ ਬਹਿਸ ਨਾਲ ਖ਼ੁਦਾ ਦੀ ਐਨੀ ਨਿੰਦਾ ਅਤੇ ਵਿਰੋਧ ਹੋਇਆ ਕਿ ਪੌਲੁਸ ਨੇ ਸਿਨਾਗੋਗ ਵਿਚ ਜਾਣਾ ਬੰਦ ਕਰ ਦਿੱਤਾ ਅਤੇ ਥੋੜ੍ਹੀ ਦੂਰ ਤੀਤੁਸ ਅਤੇ ਯੂਸਤੁਸ ਦੇ ਘਰ ਹੀ ਵਚਨ ਸੁਣਾਉਂਦਾ ਰਿਹਾ (ਰਸੂਲਾਂ ਦੇ ਕੰਮ 18:4-7)। ਕੁਰਿੰਥੁਸ ਦੇ ਸਭ ਲੋਕਾਂ 'ਤੇ ਜ਼ਰੂਰ ਹੀ ਮੋਅਜਜ਼ਾ ਹੋਣਾ ਚਾਹੀਦਾ ਹੈ (ਕਹਿੰਦੇ ਹਨ ਕਿ ਉਸ ਵਕਤ ਉੱਥੋਂ ਦੀ ਅਬਾਦੀ ਲਗਭਗ 2.5 ਲੱਖ ਸੀ) ਜੋ ਉਨ੍ਹਾਂ ''ਬਹੁਤਿਆਂ'' ਵਿੱਚੋਂ ਨਹੀਂ ਸਨ।

## ਇਕ ਨਾਕਾਮੀ ਦਾ ਵਰਣਨ

ਯਰੂਸ਼ਲਮ ਵਿਚ ਪੌਲੁਸ ਦੀ ਗ੍ਰਿਫ਼ਤਾਰੀ ਵੇਲੇ ਫ਼ੇਲਿਕਸ ਫ਼ਲਸਤੀਨ ਦਾ ਰਾਜਪਾਲ ਸੀ (ਰਸੂਲਾਂ ਦੇ ਕੰਮ 23:24)। ਪੌਲੁਸ ਨੂੰ ਚਾਰ ਜਵਾਨਾਂ ਦੀ ਇਕ ਮੰਨਤ ਪੂਰੀ ਕਰਨ ਲਈ ਤ੍ਰੋਫ਼ੀਮੁਸ ਨਾਂਅ ਦੇ ਇਕ ਗ਼ੈਰ ਕੌਮ ਨੂੰ ਹੈਕਲ ਵਿਚ ਲੈਜਾਣ ਦਾ ਇਲਜ਼ਾਮ ਲਾ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ (ਰਸੂਲਾਂ ਦੇ ਕੰਮ 21:17-24, 27-29)। ਪੌਲੁਸ ਬੇਕਸੂਰ ਸੀ, ਤਾਂ ਵੀ ਉਹਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਹਨੂੰ ਮਹਾਂਸਭਾ ਸਾਹਮਣੇ ਆਪਣੀ ਸਫ਼ਾਈ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 22:30; 23:1-10), ਪਰ ਵਧ ਰਹੇ ਸਤਾਅ ਦੇ ਇਲਾਵਾ ਚਾਲੀ ਤੋਂ ਵੱਧ ਲੋਕਾਂ ਵੱਲੋਂ ਪੌਲੁਸ ਦੇ ਕਤਲ ਦੀ ਸਾਜ਼ਿਸ਼ ਕਰਕੇ ਰੋਮੀ ਫ਼ੌਜ ਦੇ ਕਮਾਂਡਰ ਕਲੌਦਿਉਸ ਲੁਸਿਆਸ ਨੂੰ ਉਹਨੂੰ ਕੈਸਰੀਆ ਵਿਚ ਭੇਜਣਾ ਪਿਆ (23:9-13, 31-33)।

ਫ਼ੇਲਿਕਸ ਅਤੇ ਉਹਦੀ ਯਹੂਦੀ ਪਤਨੀ ਦਰੁਸਿੱਲਾ ਨੇ (ਰਸੂਲਾਂ ਦੇ ਕੰਮ 24:24) ਕੁਝ ਦਿਨਾਂ ਬਾਅਦ ਪੌਲੁਸ ਨੂੰ ਖ਼ਾਸ ਸੁਣਨ ਵਾਲੇ ਦਿੱਤੇ। ਪੌਲੁਸ ਨੇ ਇਸ ਮੌਕੇ ਦੀ ਵਰਤੋਂ ''ਧਰਮ ਅਤੇ ਸੰਜਮ ਅਤੇ ਹੋਣ ਵਾਲੀ ਅਦਾਲਤ ਦੇ ਵਿਖੇ ਵਚਨ ਸੁਣਾ'' ਕੇ ਕੀਤੀ (ਰਸੂਲਾਂ ਦੇ ਕੰਮ 24:24, 25)। ਲੂਕਾ ਨੇ ਲਿਖਿਆ ਕਿ ਇਸ ਤਰ੍ਹਾਂ ਦਾ ਪ੍ਰਚਾਰ ਸੁਣ ਕੇ ਫ਼ੇਲਿਕਸ ਕੰਬ ਉਠਿਆ ਸੀ। ਪਰ ਇਸ ਉਮੀਦ ਨਾਲ ਕਿ ਉਹਨੂੰ ਪੈਸੇ ਮਿਲਣਗੇ, ਉਹਨੇ ''ਮੌਕਾ'' ਮਿਲਣ ਤਕ ਕੋਈ ਫ਼ੈਸਲਾ ਲੈਣ ਵਿਚ ਜਾਣ ਬੁਝ ਕੇ ਦੇਰ ਕੀਤੀ (ਰਸੂਲਾਂ ਦੇ ਕੰਮ 24:25, 26)। ਲੂਕਾ ਨੇ ਇਹ ਨਹੀਂ ਲਿਖਿਆ ਕਿ ਅਜਿਹਾ ''ਮੌਕਾ'' ਕਦੇ ਆਇਆ ਹੀ ਨਹੀਂ! ਦੋ ਸਾਲਾਂ ਦੇ ਅੰਦਰ ਫ਼ੇਲਿਕਸ ਦੀ ਥਾਂ ਪੋਰਸਿਉਸ ਫ਼ੇਲਿਕਸ ਆ ਗਿਆ ਅਤੇ ਉਹਦਾ ਨਾਂ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਇਤਿਹਾਸ ਵਿੱਚੋਂ ਨਿੱਕਲ ਗਿਆ।

ਫ਼ੇਲਿਕਸ ਇਕ ਅਫ਼ਸੋਸ ਨਾਲ ਵਿਰੋਧਾਭਾਸ ਵਿਖਾਉਂਦਾ ਹੈ। ਉਹਦਾ ਪਿਛੋਕੜ ਅਤੇ ਸਿੱਖਿਆ ਐਨੀ ਅਧਰਮੀ ਸੀ ਕਿ ਪੌਲੁਸ ਵੱਲੋਂ ਦਿੱਤੀ ਗਈ ਕਿਸੇ ਰੂਹਾਨੀ ਚੁਣੌਤੀ ਵਿਚ ਉਹਦੀ ਦਿਲਚਸਪੀ ਹੈਰਾਨੀਜਨਕ ਲਗਦੀ ਹੈ। ਉਹਦਾ ਜਨਮ ਇਕ ਗ਼ੁਲਾਮ ਦੇ ਰੂਪ ਵਿਚ ਅਤੇ ਪਾਲਣ-ਪੋਸ਼ਣ ਮਹਿਲਾਂ ਵਿਚ ਰਾਜਦਰਬਾਰੀ ਦੇ ਰੂਪ ਵਿਚ ਹੋਇਆ ਸੀ, ਛੇਤੀ ਹੀ ਉਹਨੇ ਉਹ ਕਪਟ ਵੀ ਸਿੱਖ ਲਿਆ ਜਿਸ ਨਾਲ ਆਪਣੀ ਹਮਾਇਤ ਕਰਨ ਦਾ ਉਹ ਸ਼ੁਕਰਗੁਜ਼ਾਰ ਹੋਇਆ। ਉਹ ਮਸ਼ਹੂਰੀ ਪਾਉਣ ਲਈ ਬਹੁਤ ਸਾਰੇ ਜ਼ਾਲਮ ਅਤੇ ਮਾੜੇ ਕੰਮ ਕਰ ਸਕਦਾ ਸੀ, ਉਹ

ਯੂਨਾਥਨ ਦੇ ਕਤਲ ਨਾਲ ਚਾਰ ਸੌ ਤੋਂ ਵੱਧ ਯਹੂਦੀ ਯਾਜਕਾਂ ਦੇ ਕਤਲ ਵਿਚ ਸ਼ਾਮਿਲ ਸੀ। ਇਕ ਮਸ਼ਹੂਰ ਯਹੂਦੀ ਇਤਿਹਾਸਕਾਰ ਜੋਸੇਫ਼ਸ ਨੇ ਇਹਦਾ ਜ਼ਿਕਰ ਬਹੁਤੀ ਖ਼ੁਸ਼ਾਮਦ ਨਾਲ ਨਹੀਂ ਕੀਤਾ। ਇਕ ਹੋਰ ਆਰੰਭਿਕ ਇਤਿਹਾਸਕਾਰ, ਫ਼ੇਸੇਤੁਸ ਨੇ ਫ਼ੇਲਿਕਸ ਦਾ ਮੁਲਾਂਕਣ ਗ਼ੁਲਾਮ ਦੇ ਮੰਨਣ ਵਾਲਾ ਅਤੇ ਹਾਕਮ ਦੀ ਸ਼ਕਤੀ ਵਾਲੇ ''ਆਦਮੀ ਦੇ ਤੌਰ 'ਤੇ ਕੀਤਾ।'' ਅਖ਼ੀਰ ਫ਼ੇਲਿਕਸ ਰਾਜਪਾਲ ਬਣ ਗਿਆ ਅਤੇ ਉਹਦੀ ਮਸ਼ਹੂਰੀ ਯਹੂਦੀਆਂ ਤੋਂ ਬਦਲਾ ਲੈਣ ਵਾਲੇ ਦੇ ਰੂਪ ਵਿਚ ਹੋਈ।

ਫ਼ੇਲਿਕਸ ਦਾ ਲਾਲਚ ਅਤੇ ਬੇਈਮਾਨੀ ਇਸ ਗੱਲ ਵਿਚ ਵੀ ਨਜ਼ਰ ਆਉਂਦੇ ਹਨ ਕਿ ਉਹਨੇ ਇਮੇਸਾ ਦੇ ਰਾਜੇ ਅਜ਼ੀਜ਼ ਦੀ ਪਤਨੀ ਦਰੁਸਿੱਲਾ ਨੂੰ ਜੋ ਹੈਰੋਦੇਸ ਪਰਿਵਾਰ ਦੀ ਇਕ ਔਰਤ ਸੀ, ਚੋਰੀ ਕਰ ਲਿਆ। ਦਰੁਸਿੱਲਾ ਦੇ ਪੜਦਾਦੇ ਹੈਰੋਦੇਸ ਮਹਾਨ ਨੇ ਯਿਸੂ ਦੇ ਜਨਮ ਵੇਲੇ ਬੈਤਲਹਮ ਦੇ ਬੱਚਿਆਂ ਨੂੰ ਕਤਲ ਕਰਾਉਣ ਦਾ ਫ਼ਰਮਾਨ ਜਾਰੀ ਕੀਤਾ ਸੀ (ਮੱਤੀ 2: 16-18)। ਉਹਦੇ ਦਾਦੇ ਦੇ ਭਰਾ ਹੈਰੋਦੇਸ ਅੰਤੀਪਾਸ ਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ ਕਲਮ ਕਰਨ ਦਾ ਫ਼ਰਮਾਨ ਦਿੱਤਾ ਸੀ (ਮੱਤੀ 14: 1-12)। ਉਹਦੇ ਪਿਤਾ ਹੈਰੋਦੇਸ ਅਗ੍ਰਿਪਾ ਨੇ ਯੂਹੰਨਾ ਦੇ ਭਰਾ ਯਕੂਬ ਰਸੂਲ ਨੂੰ ਕਤਲ ਕੀਤਾ ਸੀ ਅਤੇ ਪਤਰਸ ਨੂੰ ਮਾਰਨਾ ਚਾਹਿਆ ਸੀ (ਰਸੂਲਾ ਦੇ ਕੰਮ 12: 1, 2)। ਐਨੇ ਲਾਲਚੀ, ਲੋਭੀ, ਕਮੀਨੇ ਅਤੇ ਫਰੇਬੀ ਜੋੜੇ ਦੀ ਕਲਪਨਾ ਕਰਨਾ ਮੁਸ਼ਕਿਲ ਹੈ। ਜੇ ਕਿਸੇ ਅਧਰਮੀ ਜੋੜੇ ਨੂੰ ਇੰਜੀਲ ਦੀ ਲੋੜ ਸੀ ਤਾਂ ਉਹ ਫ਼ੇਲਿਕਸ ਅਤੇ ਦਰੁਸਿੱਲਾ ਹੀ ਸਨ।

ਯਹੂਦੀ ਲੋਕ ਪੌਲੁਸ ਤੋਂ ਐਨੀ ਨਫ਼ਰਤ ਕਰਦੇ ਸਨ ਕਿ ਉਨ੍ਹਾਂ ਨੇ ਉਹਨੂੰ ਇਸ ਬੰਦੇ ਸਾਹਮਣੇ ਪੇਸ਼ ਕਰ ਦਿੱਤਾ! ਫ਼ੇਲਿਕਸ ਤੋਂ ਤਾਂ ਉਨ੍ਹਾਂ ਨੂੰ ਨਫ਼ਰਤ ਹੈ ਸੀ, ਪਰ ਇਹ ਵੀ ਸਾਫ਼ ਹੈ ਕਿ ਉਹ ਪੌਲੁਸ ਨੂੰ ਉਸ ਨਾਲੋਂ ਵੀ ਬਹੁਤੀ ਨਫ਼ਰਤ ਕਰਦੇ ਸਨ।

## ਜੋ ਵਚਨ ਉਹਨੇ ਸੁਣਿਆ

ਪੌਲੁਸ ਨੇ ''ਧਰਮ ਅਤੇ ਸੰਜਮ ਅਤੇ ਹੋਣ ਵਾਲੀ ਅਦਾਲਤ'' ਦਾ ਪ੍ਰਚਾਰ ਕੀਤਾ (ਰਸੂਲਾਂ ਦੇ ਕੰਮ 24:25)। ਉਹ ਇਹਨਾਂ ਮਸ਼ਹੂਰ ਵਿਭਚਾਰੀਆਂ ਦਾ ਵਿਰੋਧ ਕਰਨ ਤੋਂ ਝਕਿਆ ਨਹੀਂ ਸੀ। ਉਹਨੇ ਇਨ੍ਹਾਂ ਵਿਭਚਾਰੀਆਂ ਨੂੰ ਖ਼ੁਦਾ ਦੀ ਚੇਤਾਵਨੀ ਦੇਣ ਵਿਚ ਢਿੱਲ ਨਹੀਂ ਕੀਤੀ। ਉਹਨੇ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਤਬਾਹਕੁੰਨ ਹਾਲਾਤ ਦੀ ਟਾਲਮਟੋਲ ਵੀ ਨਹੀਂ ਕੀਤੀ।

ਉਹਨੇ ਇਕ ਅਧਰਮੀ ਜੋੜੇ ਨਾਲ ''ਧਰਮ'' ਭਾਵ ਸਹੀ ਜ਼ਿੰਦਗੀ ਬਿਤਾਉਣ ਦੀ ਗੱਲ ਕੀਤੀ। ਉਹਨੇ ਦੋ ਲੋਕਾਂ ਨੂੰ ਜੋ ਆਪਣੀਆਂ ਸਵਾਰਥੀ ਇੱਛਾਵਾਂ ਨੂੰ ਪੂਰਾ ਕਰਦੇ ਹੋਏ ਅੱਗੇ ਵਧ ਰਹੇ ਸਨ ''ਸੰਜਮ'' ਦੀ ਸਿੱਖਿਆ ਦਿੱਤੀ। ਉਹਨੇ ਉਨ੍ਹਾਂ ਨੂੰ ''ਹੋਣ ਵਾਲੀ ਅਦਾਲਤ'' ਬਾਰੇ ਦੱਸਿਆ ਪਰ ਖ਼ੁਦਾ ਵੱਲ ਨੂੰ ਨਾ ਮੁੜਨ 'ਤੇ ਉਹਦੇ ਖ਼ਤਰਨਾਕ ਨਤੀਜਿਆਂ ਨੂੰ ਨਜ਼ਰਅੰਦਾਜ ਨਹੀਂ ਕੀਤਾ।

ਇੰਜੀਲ ਦੇ ਪ੍ਰਚਾਰਕ ਦੇ ਤੌਰ 'ਤੇ ਪੌਲੁਸ ਦਾ ਹੌਸਲਾ ਇੱਥੇ ਨਜ਼ਰ ਆਉਂਦਾ ਹੈ; ਉਹਨੇ ਫ਼ੇਲਿਕਸ ਅਤੇ ਦਰੁਸਿੱਲਾ ਨੂੰ ਨਾ ਸਿਰਫ਼ ਲੋਕਾਂ ਦੀਆਂ ਜ਼ਿੰਦਗੀਆਂ ਲਈ ਹੀ ਨਹੀਂ ਖ਼ੁਦਾ ਦੀ ਮਰਜ਼ੀ ਨਹੀਂ ਦੱਸੀ ਸਗੋਂ ਇਹ ਵੀ ਦੱਸਿਆ ਕਿ ਜੇ ਉਹ ਤੌਬਾ ਨਹੀਂ ਕਰਦੇ ਤਾਂ ਇਸ ਜੀਵਨ ਦੇ ਬਾਅਦ ਉਨ੍ਹਾਂ ਨਾਲ ਕੀ ਹੋਵੇਗਾ। ਉਹਨੇ ਉਨ੍ਹਾਂ ਦੇ ਪਾਪਾਂ ਦੇ ਆਲੇ-ਦੁਆਲੇ ਵੱਡਾ ਸਾਰਾ ਗੋਲਾ ਨਹੀਂ ਬਣਾਇਆ; ਉਹਨੇ ਉਨ੍ਹਾਂ ਨਾਲ ਉਨ੍ਹਾਂ ਦੇ ਪਾਪਾਂ ਅਤੇ ਉਨ੍ਹਾਂ ਦੇ ਨਤੀਜਿਆਂ ਦੀ

ਗੱਲ ਖੋਲ੍ਹ ਕੇ ਕੀਤੀ। ਪੌਲੁਸ ਹੋਰ ਵਧੀਆ ਅਤੇ ਦਰਜਨਾਂ ਪਵਿੱਤਰ ਵਿਸ਼ਿਆਂ 'ਤੇ ਗੱਲ ਕਰ ਸਕਦਾ ਸੀ ਪਰ ਉਹਨੇ ''ਮੁਸ਼ਕਿਲ 'ਤੇ ਪ੍ਰਚਾਰ ਕੀਤਾ।'' ਇਹ ਜਾਣਨ ਦੇ ਬਾਵਜੂਦ ਕਿ ਫ਼ੇਲਿਕਸ ਨੇ ਸੈਕੜੇ ਯਹੂਦੀਆਂ ਨੂੰ ਮਰਵਾਇਆ ਸੀ, ਪੌਲੁਸ ਨੂੰ ਇਹ ਵੀ ਪਤਾ ਸੀ ਕਿ ਫ਼ੇਲਿਕਸ ਦੇ ਹੱਥ ਦੇ ਇਕ ਹਮਲੇ ਨਾਲ ਉਹਦੀ ਆਪਣੀ ਜ਼ਿੰਦਗੀ ਦਾ ਦੀਵਾ ਗੁੱਲ ਹੋ ਸਕਦਾ ਹੈ। ਉਹਨੇ ਗੱਲ ਨੂੰ ਘੁਮਾਇਆ ਜਾਂ ਟਾਲਿਆ ਨਹੀਂ ਸਗੋਂ *ਪਾਪੀਆਂ ਵਿਚ ਖ਼ੁਸ਼ਖ਼ਬਰੀ ਸੁਣਾਈ*! ਪੁਲਪਿਟਾਂ 'ਤੇ ਪ੍ਰਚਾਰ ਕਰਨ ਵਾਲੇ ਲੋਕ ਪਾਪੀਆਂ ਤੋਂ ਉਨ੍ਹਾਂ ਦੇ ਪਾਪਾਂ ਨੂੰ ਦੱਸਣ ਲਈ ਖ਼ੁਦਾ ਦੀ ਸੱਚਿਆਈ ਦਾ ਪ੍ਰਚਾਰ ਕਰਨਗੇ! ਪਾਪਾਂ ਦੀ ਮਾਫ਼ੀ ਪਾਉਣ ਦਾ ਹੋਰ ਕਿਹੜਾ ਢੰਗ ਹੈ?

## ਜੋ ਜਵਾਬ ਉਹਨੇ ਦਿੱਤਾ

ਫ਼ੇਲਿਕਸ ਡਰ ਗਿਆ ਸੀ। ਸ਼ਾਇਦ ਉਹਨੇ ਆਪਣੇ ਪਿੱਛੇ ਅਬਦੀ ਵਿਨਾਸ਼ ਦੇ ਕਦਮਾਂ ਦੀ ਆਹਟ ਸੁਣ ਲਈ ਸੀ, ਜੋ ਉਹਦੀ ਪਾਪੀ ਜ਼ਿੰਦਗੀ ਨੂੰ ਗਲ਼ਿਓਂ ਫੜ੍ਹਨ ਲਈ ਦੌੜੀ ਆ ਰਹੀ ਸੀ। ਉਹ ਪਾਪ ਬਾਰੇ ਇਸ ਸਿੱਧੀ ਗੱਲਬਾਤ ਨੂੰ ਬਹੁਤੀ ਦੇਰ ਤਕ ਨਹੀਂ ਸੁਣ ਪਾਇਆ। ਜਿਸ ਕਰਕੇ ਉਹਨੇ ਬਹਾਨੇ ਨਾਲ ਪੋਲੁਸ ਨੂੰ ਇਹ ਕਹਿਕੇ ਭੇਜ ਦਿੱਤਾ ਕਿ ਜਦ ਉਹਨੂੰ ਮੌਕਾ ਮਿਲੇਗਾ, ਉਹ ਉਹਨੂੰ ਫੇਰ ਸੱਦੇਗਾ। ਲੂਕਾ ਨੇ ਲਿਖਿਆ ਹੈ ਕਿ ਫੇਲਿਕਸ ਨੂੰ ਪੋਲੁਸ ਤੋਂ ''ਕੁਝ ਰੋਕੜ'' ਮਿਲਣ ਦੀ ਆਸ ਸੀ। ਫ਼ੇਲਿਕਸ ਅਜੇ ਵੀ ਰਿਸ਼ਵਤ ਲੈਣ ਲਈ ਤਿਆਰ ਸੀ।

ਦਰੁਸਿੱਲਾ ਬਿਲਕੁਲ ਫ਼ਰਕ ਸੀ! ਲੂਕਾ ਨੇ ਉਸ ਤੇ ਪੋਲੁਸ ਦੇ ਉਪਦੇਸ਼ ਦੇ ਕਿਸੇ ਅਸਰ ਬਾਰੇ ਨਹੀਂ ਦੱਸਿਆ। ਯਹੂਦੀ ਸੱਭਿਆਚਾਰ ਵਿਚ ਪਾਲਣ-ਪੋਸ਼ਣ ਹੋਣ ਅਤੇ ਮੂਸਾ ਦੀ ਸ਼ਰ੍ਹਾ ਤੋਂ ਚੰਗੀ ਤਰ੍ਹਾਂ ਵਾਕਫ਼ ਹੋਣ ਕਰਕੇ ਉਹਨੇ ਸਪਸ਼ੱਟ ਤੌਰ ਤੇ ਆਪਣੀ ਪਸੰਦ ਸਾਲਾਂ ਪਹਿਲੇ ਚੁਣ ਲਈ ਸੀ। ਉਹਨੇ ਉਹਦੀ ਕਿਸੇ ਵੀ ਰੂਹਾਨੀ ਚਿਤਾਵਨੀ ਵੱਲ ਧਿਆਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਹਨੂੰ ਉਹ ਇਕ ਸਿਰਫਿਰਿਆ ਧਾਰਮਿਕ ਮੰਨਦੀ ਸੀ। ਉਹ ਖ਼ਦਗਰਜ਼ੀ ਵਾਲੀ ਜ਼ਿੰਦਗੀ ਜੀਣ ਦਾ ਰਾਹ ਅਪਨਾਉਣਾ ਚਾਹੰਦੀ ਸੀ। ਜ਼ਾਹਿਰ ਹੈ ਕਿ ਇੰਜੀਲ ''ਪਹੇ ਵੱਲ'' ਡਿਗੇ ਬੀਜ ਵਾਂਗ ਉਹਦੇ ਦਿਲ 'ਚੋਂ ਨਿਕਲ ਗਈ ਸੀ (ਲੂਕਾ 8:5, 12)।

ਫ਼ੇਲਿਕਸ ਨੇ ''ਮੌਕਾ ਪਾ ਕੇ'' ਪੋਲੁਸ ਨਾਲ ਗੱਲ ਕਰਨ ਦੀ ਇੱਛਾ ਕੀਤੀ ਸੀ। ਭਲਾ ਮਸੀਹ ਵਿਚ ਬਦਲਣ ਲਈ ਮੌਕਾ ਲੱਭਿਆ ਜਾਂਦਾ ਹੈ? ਆਪਣੇ ਮਗਰ ਆਉਣ ਵਾਲੇ ਆਰੰਭਿਕ ਲੋਕਾਂ ਲਈ ਯਿਸੂ ਦੀਆਂ ਸ਼ੁਰੂਆਤੀ ਹਦਾਇਤਾਂ ਵਿੱਚੋਂ ਇਕ ਸੀ ਕਿ ਉਨ੍ਹਾਂ ਨੂੰ ਆਪਣਾ ਇਨਕਾਰ ਕਰਨਾ ਪੈਣਾ ਸੀ (ਮੱਤੀ 16:24)। ਆਪਣੀਆਂ ਇੱਛਾਵਾਂ ਤਾ ਇਨਕਾਰ ਕਰਨ ਲਈ ਸ਼ਾਇਦ ਹੀ ਕੋਈ ਢੁਕਵਾਂ ਮੌਕਾ ਆਉਂਦਾ ਹੋਵੇ। ਫ਼ੇਲਿਕਸ ਦੀ ਦੇਰੀ ਅਤੇ ਖ਼ੁਦੀ ਨੂੰ ਨਾ ਛਡਣ ਦੀ ਉਹਦੀ ਮਰਜ਼ੀ ਵੀ ਰਹੀ ਹੋਵੇਗੀ। ਜੇ ਉਹਦੇ ਤੇ ਯਿਸੂ ਮਸੀਹ ਦੀ ਇੰਜੀਲ ਦਾ ਸਚਮੁਚ ਅਸਰ ਹੋਇਆ ਸੀ, ਤਾਂ ਉਹਦੇ ਮਨ ਨੇ ਕਾਮ, ਲੋਭ, ਘਮੰਡ, ਲਾਲਸਾ ਅਤੇ ਖ਼ੁਦਗਰਜ਼ੀ ਦੇ ਤੂਫ਼ਾਨਾਂ ਨੂੰ ਸੱਚਾਈ ਦੀਆਂ ਮਘਦੀਆਂ ਚੰਗਿਆੜੀਆਂ ਨੂੰ ਬੁਝਾਉਣ ਦਿੱਤਾ ਸੀ।

ਫ਼ੇਲਿਕਸ ਲਈ ਰਾਜੇ ਅਜ਼ੀਜ ਨੂੰ ਦਰੁਸਿੱਲਾ ਮੋੜਨ ਅਤੇ ਉਹਦੀ ਪਤਨੀ ਨੂੰ ਭਜਾ ਕੇ ਉਹਦੇ ਨਾਲ ਵਿਭਚਾਰਪੂਰਵਕ ਰਹਿਣ ਲਈ ਮਾਫ਼ੀ ਮੰਗਣ ਦਾ ਮੌਕਾ ਆਉਣਾ ਸੀ? ਲਗਦਾ ਨਹੀਂ ਕਿ ਫ਼ੇਲਿਕਸ ਨੂੰ ਕਦੇ ਉਹ ਮੌਕਾ ਮਿਲਿਆ ਹੋਵੇਗਾ। ਸਗੋਂ ਇਹ ਤਾਂ ਐਨੇ ਵੱਡੇ ਸਿਸਟਮ ਦੀ ਬੇਇੱਜ਼ਤੀ ਹੋਵੇਗੀ। ਯਹੂਦੀ ਕੌਮ ਤੋਂ ਉਨ੍ਹਾਂ ਦੇ ਯਾਜਕਾਂ ਦੇ ਕਤਲ ਲਈ ਮਾਫ਼ੀ ਮੰਗਣ ਦਾ ਮੌਕਾ ਕਦੋਂ ਆਉਣਾ ਸੀ? ਉਹਦੇ ਲਈ ਵੀ ਕੋਈ ਮੌਕਾ ਕਦੇ ਨਹੀਂ ਆਇਆ ਹੋਵੇਗਾ। ਮਸੀਹ

ਵਿਚ ਬਦਲਣ ਲਈ ਕਿਸੇ ਨੂੰ ਵੀ ਸਹੀ ਮੌਕੇ ਦੀ ਲੋੜ ਨਹੀਂ ਪੈਂਦੀ। ਮਸੀਹ ਵਿਚ ਬਦਲਣ ਲਈ ਕੀਮਤ ਚੁਕਾਉਣੀ ਪੈਂਦੀ ਹੈ। ਇਹਦੇ ਲਈ ਸਾਨੂੰ ਸਭ ਕੁਝ ਦੇਣਾ ਪੈਂਦਾ ਹੈ ਭਾਵ ਇਹ ਕੀਮਤ ਜੋ ਕੁਝ ਵੀ ਸਾਡੇ ਕੋਲ ਹੈ ਜਾਂ ਜੋ ਕੁਝ ਵੀ ਕਦੇ ਸਾਡੇ ਕੋਲ ਹੋਵੇਗਾ, ਜਾਂ ਅਸੀਂ ਕਹਾਂਗੇ, ਉਹ ਹੋ ਸਕਦੀ ਹੈ। ਇਹਦੀ ਸਭ ਤੋਂ ਵੱਡੀ ਤਰਜੀਹ ਅਪਣੇ ਆਪ ਦਾ ਇਨਕਾਰ ਕਰਨਾ ਹੈ। ਮਸੀਹ ਵਿਚ ਬਦਲਣ ਤੋਂ ਭਾਵ ਪਾਪ ਨੂੰ ਮੰਨਣਾ, ਸਮਰਪਣ, ਮਸਹ ਅਤੇ ਹਿੰਮਤ ਹੈ। ਮੌਕਾ ਕਦੇ ਕਿਸੇ ਨੂੰ ਮਸੀਹ ਵੱਲ ਨਹੀਂ ਲਿਆਉਂਦਾ!

## ਸਾਰ

ਰਸੂਲਾਂ ਦੇ ਕੰਮ ਕਿਤਾਬ ਮਸੀਹ ਵਿਚ ਮਨਬਦਲੀਆਂ ਦੀ ਰੋਮਾਂਚਕਾਰੀ ਕਿਤਾਬ ਹੈ, ਪਰ ਇਹ ਬਹੁਤ ਸਾਰੀਆਂ ਨਾਕਾਮੀਆਂ ਦਾ ਇਸ਼ਾਰਾ ਵੀ ਕਰਦੀ ਹੈ ਅਤੇ ਉਨ੍ਹਾਂ ਪਾਪੀ ਲੋਕਾਂ ਦੀਆਂ ਗੱਲਾਂ ਦਸਦੀ ਹੈ ਜਿਨ੍ਹਾਂ ਨੇ ਇੰਜੀਲ ਨੂੰ ਮੰਨਣ ਤੋਂ ਇਨਕਾਰ ਕੀਤਾ ਸੀ। ਸਭ ਤੋਂ ਮਸ਼ਹੂਰ ਇਨਕਾਰ ਤਾਂ ਫ਼ੇਲਿਕਸ ਦਾ ਹੀ ਸੀ। ਉਹ ਸਮਝੌਤੇ ਦੇ ਇਕ ਦੁਖਦ ਖੋਜੀ ਵਾਂਗ ਅਬਦੀ ਇਤਿਹਾਸ ਵਿਚ ਸਮਾ ਗਿਆ ਹੈ ਅਤੇ ਖ਼ੁਦਾ ਨੇ ਕਦੇ ਕਿਸੇ ਗੱਲ ਲਈ ਸਮਝੌਤਾ ਕਰਨ ਲਈ ਨਹੀਂ ਕਿਹਾ ਹੈ।

ਪਾਪ ਦੀ ਮਜ਼ਦੂਰੀ ਤਾਂ ਅੱਜ ਵੀ ਮੌਤ ਹੈ (ਰੋਮੀਆਂ 6:23)। ਦੂਜੇ ਪਾਸੇ ਖ਼ੁਦਾ ਦਾ ਮੁਫ਼ਤ ਵਰਦਾਨ ਅੱਜ ਵੀ ਮਸੀਹ ਵਿਚ ਹਮੇਸ਼ਾ ਦੀ ਜਿੰਦਗੀ ਹੈ। ਹਰ ਇਨਸਾਨ ਨੂੰ ਆਪਣੀ ਪਸੰਦ ਚੁਣਨ ਦਾ ਹੱਕ ਦਿੱਤਾ ਜਾਂਦਾ ਹੈ। ਖ਼ੁਦਾ ਮੁਕਤੀ ਦੇਣ ਦੀ ਪੇਸ਼ਕਸ਼ ਕਰਦਾ ਹੈ। ਮਸੀਹ ਹਰ ਸੁਣਨ ਵਾਲੇ ਦੇ ਦਿਲ ਦੇ ਦਰਵਾਜ਼ੇ ਦੇ ਦਸਤਕ ਦਿੰਦਾ ਹੈ ਅਤੇ ਅੰਦਰ ਆਉਣਾ ਚਾਹੁੰਦਾ ਹੈ। (ਪ੍ਰਕਾਸ਼ ਦੀ ਪੋਥੀ 3:20-22)। ਪਾਪ ਦੇ ਭੈਭੀਤ ਕਰਨ ਵਾਲੇ ਬੋਝਾਂ ਅਤੇ ਨਤੀਜਿਆਂ ਦੇ ਮੁਕਾਬਲੇ ਮਸੀਹ ਦਾ ਜੂਲਾ ਹੌਲਾ ਅਤੇ ਭਾਰ ਹਲਕਾ ਹੈ ( ਮੱਤੀ 11:28-30)।

© 2009 Truth for Today